**SET – 4**

**Series : SGN/C**

**ਕੋਡ ਨੰ.** **4**
**Code No.**

**ਰੋਲ ਨੰਬਰ**
**Roll No.**

Candidates must write the Code on the title page of the answer-book.

- ਕਿਰਪਾ ਕਰਕੇ ਨਿਰੀਖਣ ਕਰ ਲਵੋ ਕਿ ਇਸ ਪ੍ਰਸ਼ਨ ਪੱਤਰ ਦੇ ਛਪੇ ਹੋਏ **4** ਪੰਨੇ ਹਨ ।
- ਪ੍ਰਸ਼ਨ ਪੱਤਰ ਦੇ ਉੱਪਰ ਸੱਜੇ ਹੱਥ ਦਿੱਤੇ ਗਏ ਕੋਡ ਨੰ. ਨੂੰ ਪ੍ਰੀਖਿਆਰਥੀ ਉੱਤਰ ਪੁਸਤਿਕਾ ਦੇ ਮੁੱਖ ਪੰਨੇ ਉਤੇ ਜ਼ਰੂਰ ਲਿੱਖਣ ।
- ਕਿਰਪਾ ਕਰਕੇ ਦੇਖ ਲਵੋ ਕਿ ਇਸ ਪ੍ਰਸ਼ਨ ਪੱਤਰ ਵਿੱਚ **16** ਪ੍ਰਸ਼ਨ ਹਨ ।
- **ਕਿਰਪਾ ਕਰਕੇ ਉੱਤਰ ਲਿਖਣਾ ਸ਼ੁਰੂ ਕਰਨ ਤੋਂ ਪਹਿਲਾਂ ਦਾ ਕ੍ਰਮਾਂਕ (ਸੀਰਿਅਲ ਨੰਬਰ) ਜ਼ਰੂਰ ਲਿੱਖੋ ।**
- ਇਸ ਪ੍ਰਸ਼ਨ ਪੱਤਰ ਨੂੰ ਪੜ੍ਹਨ ਦੇ ਲਈ 15 ਮਿੰਟ ਦਾ ਸਮਾਂ ਦਿੱਤਾ ਗਿਆ ਹੈ । ਪ੍ਰਸ਼ਨ ਪੱਤਰ ਸਵੇਰੇ 10.15 ਵਜੇ ਵੰਡੇ ਜਾਣਗੇ । 10.15 ਵਜੇ ਤੋਂ 10.30 ਵਜੇ ਤੱਕ ਪ੍ਰੀਖਿਆਰਥੀ ਕੇਵਲ ਪ੍ਰਸ਼ਨ ਪੱਤਰ ਨੂੰ ਪੜ੍ਹਨਗੇ ਅਤੇ ਇਸ ਸਮੇਂ ਵਿੱਚ ਉਹ ਉੱਤਰ ਪੁਸਤਿਕਾ ਵਿੱਚ ਕੋਈ ਉੱਤਰ ਨਹੀਂ ਲਿਖਣਗੇ ।
- Please check that this question paper contains **4** printed pages.
- Code number given on the right hand side of the question paper should be written on the title page of the answer-book by the candidate.
- Please check that this question paper contains **16** questions.
- **Please write down the Serial Number of the question before attempting it.**
- 15 minute time has been allotted to read this question paper. The question paper will be distributed at 10.15 a.m. From 10.15 a.m. to 10.30 a.m., the students will read the question paper only and will not write any answer on the answer-book during this period.

# ਪੰਜਾਬੀ
# PUNJABI

*ਸਮਾਂ ਸੀਮਾਂ : 3 ਘੰਟੇ* | *ਪੂਰਨ ਅੰਕ : 100*
*Time allowed : 3 hours* | *Maximum Marks : 100*

1. ਹੇਠਾਂ ਲਿਖੇ ਪੈਰੇ ਨੂੰ ਧਿਆਨ ਨਾਲ ਪੜ੍ਹ ਕੇ ਉਸ ਹੇਠ ਦਿੱਤੇ ਪ੍ਰਸ਼ਨਾਂ ਦੇ ਉੱਤਰ ਲਿਖੋ : **10**

ਜੋਗੀਆਂ ਦੇ ਇੱਕ ਜੱਥੇ ਨੇ ਸਿੱਖਾਂ ਨੂੰ ਜੋਗਮੱਤ ਧਾਰਨ ਦੀ ਪ੍ਰੇਰਨਾ ਕੀਤੀ । ਉਨ੍ਹਾਂ ਦਾਹਵਾ ਕੀਤਾ ਕਿ ਮਨ ਨਿਰਮਲ ਜੋਗੀ ਹੋਣ ਨਾਲ ਹੀ ਹੁੰਦਾ ਹੈ । ਗੁਰੂ ਰਾਮਦਾਸ ਜੀ ਨੇ ਫ਼ੁਰਮਾਇਆ ਕਿ ਜੋਗ ਤਾਂ ਬਿਰਤੀਆਂ ਨੂੰ ਜੋੜਨਾ ਹੈ । ਪਰ ਗੁਰੂ ਨਾਨਕ ਦੇਵ ਜੀ ਦਾ ਸਿੱਖ ਪਾਰਬ੍ਰਹਮ ਦਾ ਆਸਰਾ ਲੈਂਦਾ ਹੈ । ਉਸਨੂੰ ਯਾਦ ਕਰਦਾ ਹੈ । ਕਿਉਂਕਿ ਯਾਦ ਭਾਵਨਾ ਨਾਲ ਕਰੀਦਾ ਹੈ । ਮਨ ਨਿਰਮਲ ਕਰਨ ਲਈ ਸੇਵਾ ਹਥਿਆਰ ਹੈ । ਸਰਬੱਤ ਦਾ ਭਲਾ ਮਨ ਵਿੱਚ ਨਿਰਮਾਨਤਾ ਪੈਦਾ ਕਰਦਾ ਹੈ । ਕੀਰਤਨ ਸਿੱਖਾਂ ਦਾ ਮਨ ਬੁਰਾਈਆਂ ਵੱਲ ਨਹੀਂ ਲੱਗਣ ਦਿੰਦਾ । ਸੇਵਾ ਮਨ ਦੀ ਮੈਲ ਨੂੰ ਦੂਰ ਕਰਦੀ ਹੈ । ਗ੍ਰਹਸਤੀ ਕੋਲ ਨਾਮ ਦੀ ਕਮਾਈ ਟਿਕੀ ਰਹਿੰਦੀ ਹੈ ਤੇ ਉਦਾਸੀ ਵੀ ਵੰਡੀਦੀ ਰਹਿੰਦੀ ਹੈ । ਗ੍ਰਹਿਸਤੀ ਜਦ ਲੋੜਵੰਦ ਜਾਣ ਕੇ ਜੋਗੀ ਫਕੀਰ ਨੂੰ ਦਾਨ ਦੇਂਦਾ ਹੈ, ਫਕੀਰ ਅਸੀਸ ਦਿੰਦਾ ਹੈ । ਫਕੀਰ ਆਪਣਾ ਭੰਡਾਰ ਖਾਲੀ ਕਰੇਗਾ । ਕਿਰਤ ਕਰ ਕੇ ਗ੍ਰਹਿਸਤੀ ਜੋ ਭਗਤੀ ਕਰਦਾ ਹੈ, ਉਹ ਵੀ ਉਸ ਕੋਲ ਤੇ ਜੋ ਦਾਨ ਦਿੱਤਾ ਉਹ ਵੀ ਉਸ ਕੋਲ, ਸੋ ਗ੍ਰਹਿਸਤੀ ਸਭ ਤੋਂ ਉੱਤਮ ਧਰਮੀ ਹੈ । ਲੋਕਾਂ ਦੇ ਦੁੱਖ ਸੁੱਖ ਵੰਡਾਉਣਾ ਹੀ ਅਸਲ ਜੋਗ ਹੈ ।

(ੳ) ਜੋਗੀਆਂ ਦਾ ਦਾਅਵਾ ਕੀ ਸੀ ?
(ਅ) ਗੁਰੂ ਨਾਨਕ ਦਾ ਸਿੱਖ ਕਿਸ ਦਾ ਸਹਾਰਾ ਲੈਂਦਾ ਹੈ ?
(ੲ) ਗ੍ਰਿਹਸਤੀ ਸਭ ਤੋਂ ਉਤੱਮ ਧਰਮੀ ਕਿਉਂ ਹੈ ?
(ਸ) ਅਸਲ ਜੋਗ ਕੀ ਹੈ ?
(ਹ) ਗ੍ਰਿਹਸਤੀ ਅਤੇ ਜੋਗੀ ਵਿੱਚ ਕੀ ਅੰਤਰ ਹੈ ?

2. ਹੇਠਾਂ ਦਿੱਤੇ ਵਿਸ਼ਿਆਂ ਵਿੱਚੋਂ ਕਿਸੇ **ਇੱਕ** ਉੱਤੇ 200-250 ਸ਼ਬਦਾਂ ਦਾ ਲੇਖ ਲਿਖੋ : **10**
(ੳ) ਘਰੇਲੂ ਹਿੰਸਾ
(ਅ) ਦੀਵਾਲੀ ਦੇ ਪਟਾਕਿਆਂ ਦਾ ਮਹੱਤਵ
(ੲ) ਕਿਸਾਨ-ਆਤਮਹਤਿਆਵਾਂ ਦੀ ਸਮੱਸਿਆ
(ਸ) ਪ੍ਰਦੂਸ਼ਣ ਦੀ ਸਮਸਿਆ

3. ਆਪਣੇ ਮਿੱਤਰ ਨੂੰ ਘਰ ਵਿਚ ਕਰਵਾਏ ਜਾ ਰਹੇ ਪਾਠ ਪੂਜਾ ਵਿੱਚ ਸ਼ਾਮਿਲ ਹੋਣ ਲਈ ਈ-ਮੇਲ ਰਾਹੀਂ ਸੱਦਾ ਦਿਓ । **7**

**ਜਾਂ**

ਆਪਣੀ ਸ਼ਾਦੀ ਲਈ ਯੋਗ ਵਰ ਵਾਸਤੇ ਅਖਬਾਰ ਲਈ ਇਸ਼ਤਿਹਾਰ ਤਿਆਰ ਕਰੋ ।

4. ਜਾਤੀ ਦੇ ਆਧਾਰ ਤੇ ਰਿਜ਼ਰਵੇਸ਼ਨ ਬਾਰੇ ਆਪਣੇ ਵਿਚਾਰ ਪੇਸ਼ ਕਰਦਿਆਂ ਅਖ਼ਬਾਰ ਦੇ ਸੰਪਾਦਕ ਨੂੰ ਪੱਤਰ ਲਿਖੋ । **8**

**ਜਾਂ**

ਦੇਸ਼ ਦੇ ਅਜੋਕੇ ਹਾਲ ਬਾਰੇ ਆਪਣੇ ਵਿਚਾਰ ਪੇਸ਼ ਕਰਦਿਆਂ ਇੱਕ ਚਿੱਠੀ ਅਖ਼ਬਾਰ ਦੇ ਸੰਪਾਦਕ ਨੂੰ ਲਿਖੋ ।

5. ਹੇਠ ਲਿਖੇ ਮੁਹਾਵਰਿਆਂ ਵਿਚੋਂ **ਤਿੰਨ** ਦੇ ਅਰਥ ਸੱਪਸ਼ਟ ਕਰੋ ਅਤੇ ਵਾਕਾਂ ਵਿੱਚ ਵਰਤੋ : **3**
(ੳ) ਟਿੱਲ ਲਾਉਣਾ
(ਅ) ਧਾਰ ਮਾਰਨੀ
(ੲ) ਧੁੱਪ ਵਿੱਚ ਵਾਲ ਚਿੱਟੇ ਹੋਣੇ
(ਸ) ਨਾ ਤਿੰਨ ਵਿੱਚ ਨਾ ਤੇਰ੍ਹਾਂ ਵਿੱਚ
(ਹ) ਨੱਕ ਦੀ ਸੇਧੇ ਜਾਣਾ

6. (1) ਹੇਠ ਲਿਖਿਆਂ ਵਿੱਚੋਂ ਸ਼ੁੱਧ ਸ਼ਬਦ-ਜੋੜ ਚੁਣੋ : **2**
(i) (ੳ) ਕੁੜੀਆਂ (ਅ) ਕੁੜਿਆਂ
(ੲ) ਕੁੜੈਆਂ (ਸ) ਕੁਰੀਆਂ
(ii) (ੳ) ਅਕਲਾ (ਅ) ਅਕੱਲਾ
(ੲ) ਇਕਲਾ (ਸ) ਇਕੱਲਾ

(2) ਹੇਠ ਲਿਖੇ ਸ਼ਬਦਾਂ ਨੂੰ ਸ਼ੁੱਧ ਕਰ ਕੇ ਲਿਖੋ : **2**
(ੳ) ਜਾਅਦਾ
(ਅ) ਬਿੱਦਿਆ

(3) ਸ਼ਬਦ ਜੋੜਾਂ ਦੇ ਨੇਮਾਂ ਨੂੰ ਧਿਆਨ ਵਿੱਚ ਰਖਦਿਆਂ ਦੱਸੋ ਕਿ ਹੇਠ ਲਿਖੇ ਵਾਕਾਂ ਵਿਚਲੇ ਲਕੀਰੇ ਸ਼ਬਦਾਂ ਵਿੱਚੋ ਕਿਹੜਾ ਸ਼ਬਦ ਵਰਤਿਆ ਜਾਵੇਗਾ ? **2**
(ੳ) ਉਸਦੇ ਹਾਰ ਵਿਚ ਬਹੁਤ ਸਾਰੇ ਹੀਰੇ <u>ਜੜੇ</u>/ <u>ਜੜ੍ਹੇ</u> ਹੋਏ ਸਨ ।
(ਅ) ਉਹ ਸਾਰੇ ਨਦੀ ਦੇ <u>ਕੰਡੇ</u> / <u>ਕੰਢੇ</u> ਸੈਰ ਕਰ ਰਹੇ ਸਨ ।

7. ਹੇਠ ਲਿਕੇ ਪੈਰੇ ਨੂੰ ਸਹੀ ਵਿਸਰਾਮ ਚਿੰਨ੍ਹ ਲਗਾਓ : **3**

ਮੇਰਾ ਇੱਕ ਦੋਸਤ ਜਦੋਂ ਕੈਨੇਡਾ ਜਾਣ ਲੱਗਾ ਤਾਂ ਆਪਣਾ ਇਹ ਮਕਾਨ ਮੈਨੂੰ ਦੇਖ ਭਾਲ ਲਈ ਦੇ ਗਿਆ ਮਕਾਨ ਚਾਰ ਕਮਰਿਆਂ ਦਾ ਸੀ ਕਿਸੇ ਸਸਤੇ ਸਮੇ 'ਚ ਬਾਣਾਇਆ ਸੀ ਜਦੋਂ ਜ਼ਮੀਨਾਂ ਸਸਤੀਆਂ ਸਨ

8. ਹੇਠ ਲਿਕੇ ਵਾਕਾਂ ਨੂੰ ਸ਼ੁੱਧ ਕਰ ਕੇ ਲਿਖੋ : **3**

(ੳ) ਉਹ ਨਹੀ ਸੀ ਜਾਣਦਾ ਕੁਝ ਵੀ

(ਅ) ਸਾਫ ਕੀਤਾ ਜਾਣਾ ਚਾਹੀਦਾ ਹੈ ਹਰ ਕਿਸਮ ਦੀ ਗੰਦਗੀ ਨੂੰ ਦੇਸ਼ ਵਿੱਚੋਂ ।

(ੲ) ਬਹੁਤ ਕਠਨ ਹੈ ਇਹ ਪਰਚਾ

9. ਹੇਠਾਂ ਲਿਖੀਆਂ ਕਾਵਿ ਟੁਕੜੀਆਂ ਵਿਚੋਂ ਕਿਸੇ **ਇੱਕ** ਹੇਠ ਦਿੱਤੇ ਪ੍ਰਸ਼ਨਾਂ ਦੇ ਉੱਤਰ ਲਿਖੋ : **8**

ਪੱਕ ਗਈਆਂ ਕਣਕਾਂ, ਲੁਕਾਠ ਰੱਸਿਆ,
ਬੂਰ ਪਿਆ ਅੰਬਾਂ ਨੂੰ, ਗੁਲਾਬ ਹੱਸਿਆ ।
ਬਾਗਾਂ ਉੱਤੇ ਰੰਗ ਫੇਰਿਆ ਬਹਾਰ ਨੇ,
ਬੇਰੀਆਂ ਲਿਫਾਈਆਂ ਟਾਹਣੀਆਂ ਦੇ ਭਾਰ ਨੇ ।

(i) ਇਨ੍ਹਾਂ ਸਤਰਾਂ ਵਿੱਚ ਕਿਸ ਪ੍ਰਕਾਰ ਦਾ ਦ੍ਰਿਸ਼ ਪੇਸ਼ ਹੋਇਆ ਹੈ ?

(ii) ਇਨ੍ਹਾਂ ਸਤਰਾਂ ਨਾਲ ਸੰਬੰਧਿਤ ਕਵੀ ਅਤੇ ਕਵਿਤਾ ਦਾ ਨਾਮ ਲਿਖੋ ।

(iii) 'ਲੁਕਾਠ' ਅਤੇ 'ਬੂਰ' ਕੀ ਹੈ ?

(iv) ਇਨ੍ਹਾਂ ਸਤਰਾਂ ਵਿੱਚ ਕਿਹੜੇ ਸਭਿਆਚਾਰ ਦੀ ਝਲਕ ਮਿਲਦੀ ਹੈ ?

**ਜਾਂ**

ਜੇ ਕੋਈ ਬੁਲਬੁਲ ਹਾਕਾਂ ਮਾਰੇ,
ਕੰਨ ਵਿੱਚ ਉਂਗਲੀ ਦਈਏ ।
ਜੇ ਕੋਈ ਕੰਡਾ ਪੱਲਾ ਪਕੜੇ,
ਛਡੀਏ ਤੇ ਨੱਸ ਪਈਏ ।

(i) ਇਹ ਸਤਰਾਂ ਕਿਸ ਤਰ੍ਹਾਂ ਦਾ ਸੰਦੇਸ਼ ਦਿੰਦੀਆਂ ਹਨ ?

(ii) 'ਕੰਨਾਂ ਵਿੱਚ ਉਂਗਲੀ ਦੇਣ' ਦੇ ਕੀ ਅਰਥ ਹਨ ?

(iii) ਇਹ ਸਤਰਾਂ ਕਿਸ ਕਵੀ ਦੀ ਕਿਸ ਕਵਿਤਾ ਨਾਲ ਸੰਬੰਧਿਤ ਹਨ ?

(iv) 'ਹਾਕਾਂ ਮਾਰੇ' ਅਤੇ 'ਪੱਲਾ ਪਕੜੇ' ਦੇ ਅਰਥ ਸਪੱਸ਼ਟ ਕਰੋ ।

10. ਹੇਠ ਲਿਖੀਆਂ ਕਾਵਿ-ਟੁਕੜੀਆਂ ਵਿਚੋਂ ਕਿਸੇ **ਇੱਕ** ਦੀ ਪ੍ਰਸੰਗ ਸਹਿਤ ਵਿਆਖਿਆ ਕਰੋ : **7**

ਦਿਨ ਕੋਈ ਘਰੋਂ ਰੁੱਸ ਕੇ ਗਏ ਜੀਅ ਤਾਂ ਨਹੀਂ
ਦਿਨ ਤਾਂ ਸਾਡੇ ਹਥੋਂ ਮਰਿਆਂ ਦੇ
ਕਰਾਹੁੰਦੇ ਪ੍ਰੇਤ ਹਨ
ਜਿਨ੍ਹਾਂ ਦੇ ਜ਼ਖ਼ਮਾਂ ਤੱਕ ਹੁਣ ਸਾਡੇ ਹੱਥ ਨਹੀਂ ਪਹੁੰਚਦੇ ।

**ਜਾਂ**

ਖਾੜ ਖਾੜ ਚਲਣ ਵਿੱਚ ਮੇਰੇ ਸੁਫਨਿਆਂ,
ਪੰਜਾਬ ਦੇ ਦਰਿਆ,
ਪਿਆਰ ਅੱਗ ਇਨ੍ਹਾਂ ਨੂੰ ਲੱਗੀ ਹੋਈ,
ਪਿਆਰਾ ਜਪੁ ਸਾਹਿਬ ਗਾਉਂਦੇ, ਠੰਡੇ ਤੇ ਠਾਰਦੇ, ਪਿਆਰਦੇ ।

11. ਹੇਠਾਂ ਲਿਖੇ ਵਾਰਤਾਲਾਪ ਅੰਸ਼ਾਂ ਨੂੰ ਪੜ੍ਹੋ ਅਤੇ ਕਿਸੇ **ਇੱਕ** ਹੇਠ ਦਿੱਤੇ ਪ੍ਰਸ਼ਨਾਂ ਦੇ ਉੱਤਰ ਲਿਖੋ : **3**

ਰੋਜ਼ ਵਾਂਗ ਘੋਗਾ ਗਲੀ ਦੇ ਮੁੰਡਿਆਂ ਨਾਲ ਗੱਪਾਂ ਮਾਰ ਕੇ ਹਨੇਰੇ ਪਏ ਘਰ ਮੁੜਿਆ ਸੀ । ਉਦੋਂ ਦਾ ਹੀ ਉਹ ਟੀ.ਵੀ. ਮੂਹਰੇ ਬੈਠਾ ਸੀ । ਰਿਮੋਟ ਨਾਲ ਉਹ ਵਾਰ-ਵਾਰ ਚੈਨਲ ਬਦਲ ਰਿਹਾ ਸੀ .........

(i) ਇਥੇ 'ਰੋਜ਼ ਵਾਂਗ' ਤੋਂ ਕੀ ਭਾਵ ਹੈ ?

(ii) 'ਘੋਗਾ' ਇਹ ਸਭ ਕੁਝ ਕਿਉਂ ਕਰ ਰਿਹਾ ਸੀ ?

(iii) 'ਰਿਮੋਟ' ਦੇ ਕੀ ਅਰਥ ਹਨ ਅਤੇ ਇਹ ਕਿਸ ਕੰਮ ਆਉਂਦਾ ਹੈ ?

**ਜਾਂ**

ਸੋਮਵਾਰ ਘੋਗਾ ਪੂਰੇ ਹੌਸਲੇ ਨਾਲ ਸਕੂਲ ਗਿਆ । ਉਹਨੂੰ ਆਪਣੇ-ਆਪ ਉੱਤੇ ਕੁਝ-ਕੁਝ ਵਿਸ਼ਵਾਸ ਵੀ ਹੋ ਗਿਆ ਸੀ । ਪਰ ਬਹੁਤਾ ਵਿਸ਼ਵਾਸ ਉਸਨੂੰ ਸੋਨ-ਕਾਟੋ ਉੱਤੇ ਸੀ ।

(i) ਘੋਗੇ ਨੂੰ ਆਪਣੇ-ਆਪ ਤੇ ਵਿਸ਼ਵਾਸ ਕਿਉਂ ਸੀ ?

(ii) 'ਸੋਨ-ਕਾਟੋ' ਕੌਣ ਹੈ ?

(iii) ਘੋਗੇ ਨੂੰ ਸੋਨ-ਕਾਟੋ ਉੱਤੇ ਵਿਸ਼ਵਾਸ ਕਿਉਂ ਸੀ ?

12. 'ਗੁਆਚਿਆ ਮੁੰਡਾ' ਨਾਵਲ ਰਾਹੀਂ ਲੇਖਕ ਕੀ ਸਮਝਾਉਣਾ ਚਾਹੁੰਦਾ ਹੈ ? (ਸ਼ਬਦ ਸੀਮਾ **125-150**) **7**

**ਜਾਂ**

ਸੋਨ-ਕਾਟੋ ਹੈ ਨਹੀਂ ਪਰ ਘੋਗੇ ਨੂੰ ਦਿਸਦੀ ਹੈ – ਕਿਉਂ ? (ਸ਼ਬਦ ਸੀਮਾ **125-150**)

13. ਹੇਠ ਲਿਖੇ ਕਥਾ-ਅੰਸ਼ਾਂ ਵਿੱਚੋਂ ਕਿਸੇ **ਇੱਕ** ਦੇ ਉੱਤਰ ਲਿਖੋ : **2 + 2 + 1 = 5**

ਪਹਿਲੀ ਤਾਰੀਖ਼ ਸਾਫ ਦਿਸ ਪੈਣ ਕਰ ਕੇ, ਦਿਨੇ ਧਰਮੀ ਪਤਨੀ ਨੇ ਘਰ ਦੀਆਂ ਲੋੜਾਂ ਵਲ ਉਸ ਦਾ ਧਿਆਨ ਖਿਚਿਆ । ਮੁੰਡੇ ਲਈ ਕੁਝ ਠੰਢੇ ਕੱਪੜੇ ਅਤੇ ਬੂਟ ਲੈਣੇ ਜਰੂਰੀ ਸਨ । ਇੱਕ-ਦੋ ਸੂਤੀ ਕਮੀਜ਼ਾਂ ਉਸ ਆਪਣੇ ਲਈ ਵੀ ਲੈਣੀਆਂ ਸਨ । ਸਕੀ ਭੈਣ ਦਾ ਇਸ ਮਹੀਨੇ ਵਿਆਹ ਹੋਣ ਕਾਰਨ ਪੰਜਾਹ ਸੱਠ ਰੁਪਏ ਉਸ ਨਾਲ ਵੀ ਖੜਨੇ ਸਨ ।

(i) ਇਨ੍ਹਾਂ ਸਤਰਾਂ ਵਿੱਚ ਪੇਸ਼ ਘਰ ਦੀ ਹਾਲਤ ਕਿਹੋ ਜਹੀ ਹੈ ?

(ii) ਪਹਿਲੀ ਤਰੀਕ ਨੂੰ ਹੀ ਇਹ ਸਭ ਦਸਣਾ ਕਿਉਂ ਜ਼ਰੂਰੀ ਹੈ ?

(iii) ਇਹ ਕਥਾ-ਅੰਸ਼ ਕਿਸ ਕਹਾਣੀਕਾਰ ਦੀ ਕਿਸ ਕਹਾਣੀ ਵਿੱਚੋਂ ਹੈ ?

**ਜਾਂ**

ਤਿੰਨ ਗੱਲਾਂ ਨੇ ਦੀਨਾ ਨਾਥ ਦਾ ਧਿਆਨ ਖਾਸ ਕਰਕੇ ਖਿੱਚਿਆ । ਦੋ ਗੱਲਾਂ ਉਹਨੂੰ ਹੈਰਾਨ-ਪਰੇਸ਼ਾਨ ਕਰਦੀਆਂ ਸਨ ਅਤੇ ਤੀਜੀ ਗੱਲ ਉਹਦੇ ਮਨ ਨੂੰ ਖ਼ੁਸ਼ੀ ਨਾਲ ਭਰ ਦਿੰਦੀ ਸੀ ।

(i) ਉਹ ਦੋ ਗੱਲਾਂ ਕਿਹੜੀਆਂ ਸਨ ਜੋ ਉਸਨੂੰ ਹੈਰਾਨ ਪਰੇਸ਼ਾਨ ਕਰਦੀਆਂ ਸਨ ?

(ii) ਤੀਸਰੀ ਕਿਹੜੀ ਗਲ ਉਸਨੂੰ ਖ਼ੁਸ਼ੀ ਦਿੰਦੀ ਸੀ ?

(iii) ਇਹ ਕਥਾ-ਅੰਸ਼ ਕਿਸ ਕਹਾਣੀਕਾਰ ਦੀ ਕਿਸ ਕਹਾਣੀ ਵਿੱਚੋਂ ਲਿਆ ਗਿਆ ਹੈ ?

14. 'ਸਵੇਰ ਹੋਣ ਤਕ' ਕਹਾਣੀ ਕੀ ਸੰਦੇਸ਼ ਦਿੰਦੀ ਹੈ ? ਇਸ ਬਾਰੇ 100-125 ਸ਼ਬਦਾਂ ਵਿਚ ਆਪਣੇ ਵਿਚਾਰ ਦੱਸੋ । **5**

**ਜਾਂ**

'ਉਨ੍ਹਾਂ ਵੇਲਿਆਂ ਦੀ ਗੱਲ' ਕਹਾਣੀ ਦਾ ਸੁਨੇਹਾ ਸਾਰ 100-125 ਸ਼ਬਦਾਂ ਵਿਚ ਪੇਸ਼ ਕਰੋ ।

15. 'ਆਧੁਨਿਕ ਪੰਜਾਬੀ ਕਵਿਤਾ' ਦੇ ਆਰੰਭ ਬਾਰੇ ਆਪਣੇ ਵਿਚਾਰ 150-200 ਸ਼ਬਦਾਂ ਵਿਚ ਲਿਖੋ । **10**

**ਜਾਂ**

'ਸੂਫੀ ਕਵਿਤਾ' ਕਿਸ ਪ੍ਰਕਾਰ ਦਾ ਸੁਨੇਹਾ ਦਿੰਦੀ ਹੈ ?

16. ਕਦਰਾਂ ਕੀਮਤਾਂ 'ਤੇ ਆਧਾਰਿਤ ਪ੍ਰਸ਼ਨ : **5**

"ਜਿਸ ਦੀ ਧੀ ਭੈਣ ਦਾ ਵਿਆਹ ਧਰਿਆ ਜਾਂਦਾ, ਉਹ ਰੌਣਕ ਮੱਲ ਕੋਲ ਜਰੂਰ ਜਾਂਦਾ । ਜ਼ਮੀਨ ਗਹਿਣੇ ਧਰ ਕੇ ਆਪਣੀ ਗਰਜ਼ ਪੂਰੀ ਕਰਦਾ ।"

ਕੀ ਤੁਸੀਂ ਧੀ ਭੈਣ ਦੇ ਵਿਆਹ ਲਈ ਇਸ ਤਰ੍ਹਾਂ ਕਰਜ਼ਾ ਲੈਣ ਦੇ ਹੱਕ ਵਿੱਚ ਹੋ ? ਇਸ ਬਾਰੇ ਆਪਣੇ ਵਿਚਾਰ 100 ਕੁ ਸ਼ਬਦਾਂ ਵਿੱਚ ਦੱਸੋ ।